# ਖਾੜਕੂ ਸਿੱਖ ਸੰਘਰਸ਼ ਅਤੇ ਮੀਡੀਆ ਦੀ ਭੂਮਿਕਾ

ਸਿੱਖ ਪੰਥ ਦੀ ਇਹ ਖਾਸ ਕੌਮੀ ਵਿਸ਼ੇਸ਼ਤਾਈ ਹੈ ਕਿ ਉਹ ਆਪਣੇ ਸ਼ਹੀਦਾਂ ਪ੍ਰਤੀ ਹੱਦੋਂ ਵੱਧ ਨਿਸ਼ਠਾਵਾਨ ਤੇ ਭਾਵੁਕ ਹੈ। ਧਰਮ ਹੇਤ ਕੁਰਬਾਨ ਹੋਏ ਸ਼ਹੀਦ ਸਿੱਖ ਕੌਮ ਦੇ ਸਭਿਆਚਾਰਕ ਆਦਰਸ਼ ਹਨ। ਸਿੱਖ ਇਤਿਹਾਸ, ਸਭਿਆਚਾਰ ਤੇ ਪਰੰਪਰਾ ਅੰਦਰ ਸ਼ਹੀਦਾਂ ਤੇ ਨਾਇਕਾਂ ਦਾ ਮਰਤਬਾ ਬਹੁਤ ਉਚਾ ਹੈ। ਇਕਦਮ ਪੂਜਣਯੋਗ! ਸ਼ਹੀਦ ਸਿੱਖ ਇਤਿਹਾਸ ਦਾ ਗੌਰਵ ਹਨ, ਵਿਰਸੇ ਦੀ ਸ਼ੋਭਾ, ਜਿਨ੍ਹਾਂ ਉਤੇ ਸਿੱਖਾਂ ਨੂੰ ਉਚੇਚਾ ਮਾਣ ਹੈ। ਸਿੱਖ ਹਿਰਦਿਆਂ ਅੰਦਰ ਉਨ੍ਹਾਂ ਪ੍ਰਤੀ ਅਟੁੱਟ ਡੂੰਘੀ ਸ਼ਰਧਾ ਤੇ ਅਸ਼ਦ ਸਤਿਕਾਰ ਹੈ। ਨਾਲ ਹੀ ਮਨਾਂ ਅੰਦਰ ਉਨ੍ਹਾਂ ਵਰਗੇ ਬਣਨ ਦੀ ਧੂੰਹਵੀਂ ਆਰਜੂ ਹੈ। ਸਿੱਖ ਇਤਿਹਾਸ ਦੀ ਸਿਰਜਣਾ ਅੰਦਰ ਸ਼ਹਾਦਤ ਦੀ ਭੂਮਿਕਾ ਏਨੀ ਗੂੜ੍ਹੀ ਤੇ ਉਭਰਵੀਂ ਹੈ ਕਿ ਸ਼ਹੀਦਾਂ ਤੋਂ ਬਿਨਾਂ ਸਿੱਖ ਇਤਿਹਾਸ ਨੂੰ ਚਿਤਵਿਆ ਨਹੀਂ ਜਾ ਸਕਦਾ। ਸਿੱਖ ਜਿੰਨੀ ਸ਼ਿੱਦਤ ਤੇ ਅਦਬ-ਪਿਆਰ ਦੇ ਨਾਲ ਆਪਣੇ ਸ਼ਹੀਦਾਂ ਨੂੰ ਯਾਦ ਕਰਦੇ ਹਨ ਸ਼ਾਇਦ ਹੀ ਕੋਈ ਹੋਰ ਕੌਮ ਕਰਦੀ ਹੋਵੇ। ਉਹ ਉਨ੍ਹਾਂ ਨੂੰ ਮੁੜ ਮੁੜ ਚੇਤੇ ਕਰਦੇ ਹਨ। ਉਨ੍ਹਾਂ ਦੇ ਅਦੁੱਤੀ ਕਾਰਨਾਮਿਆਂ ਨੂੰ ਵਾਰ ਵਾਰ ਚਿਤਾਰਿਆ ਜਾਂਦਾ ਹੈ। ਹਰ ਸੁਬਾ ਸ਼ਾਮ ਅਰਦਾਸ ਵਿਚ ਉਨ੍ਹਾਂ ਦਾ ਅਨੰਤ ਸ਼ਰਧਾ ਨਾਲ ਉਲੇਖ ਕੀਤਾ ਜਾਂਦਾ ਹੈ। ਢਾਡੀਆਂ ਦੁਆਰਾ ਸ਼ਹੀਦਾਂ ਦੇ ਸਿਦਕ, ਹੌਂਸਲੇ, ਪਰਸੁਆਰਥ ਤੇ ਸੂਰਬੀਰਤਾ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਇਤਿਹਾਸ ਅੰਦਰਲੇ ਸਿੱਖ ਸ਼ਹੀਦੀ ਕਾਰਨਾਮੇ ਏਨੇ ਪ੍ਰਭਾਵਸ਼ਾਲੀ ਤੇ ਰੋਮਾਂਚਕਾਰੀ ਹਨ ਕਿ ਸਦੀਆਂ ਗੁਜ਼ਰ ਜਾਣ ਦੇ ਬਾਵਜੂਦ ਸਿੱਖਾਂ ਦੇ ਹਿਰਦਿਆਂ ਅੰਦਰ ਇਨ੍ਹਾਂ ਦੀ ਯਾਦ ਸਦਾ ਜੀਵੀ ਬਣੀ ਹੋਈ ਹੈ। ਉਨ੍ਹਾਂ ਨੂੰ ਇਹ ਅਤੀਤ ਦੀਆਂ ਨਹੀਂ ਵਰਤਮਾਨ ਦੀਆਂ ਗੱਲਾਂ ਪ੍ਰਤੀਤ ਹੁੰਦੀਆਂ ਹਨ।

ਸਿੱਖ ਪੰਥ ਦੇ ਇਸ ਅੰਤਰੀਵੀ ਭਾਵ ਨੂੰ ਉਹ ਸੱਚਾ ਸਿੱਖ ਹੀ ਸ਼ਿਦਤ ਨਾਲ ਮਹਿਸੂਸ ਕਰ ਸਕਦਾ ਹੈ ਜੋ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤ ਨਾਲ ਇਕ ਮਿਕ ਹੋਇਆ ਹੋਵੇ।ਕਿਸੇ ਗੈਰ ਸਿੱਖ ਸੱਭਿਆਚਾਰ ਵਿੱਚ ਪਲਕੇ ਵੱਡਾ ਹੋਇਆ ਕੋਈ ਵੀ ਸਾਧਾਰਨ ਮਨੁੱਖ ਸਿੱਖ ਪੰਥ ਦੀ ਮਹਾਨ ਸ਼ਹੀਦੀ ਪਰੰਪਰਾ ਦੀ ਥਾਹ ਨਹੀ ਪਾ ਸਕਦਾ।ਹਿੰਦੂ ਪਰਿਵਾਰਕ ਮਹੌਲ ਅਤੇ ਪੱਛਮੀ ਸੱਭਿਆਚਾਰ ਵਿੱਚ ਪਲਿਆ ਅਤੇ ਵੱਡਾ ਹੋਇਆ ਕੋਈ ਮਨੁੱਖ ਇਸ ਵਰਤਾਰੇ ਦੀ ਉਸ ਰੂਹਾਨੀਅਤ ਨੂੰ ਨਹੀ ਸਮਝ ਸਕਦਾ ਜਿਸ ਨੂੰ ਸਿੱਖ ਸਮਝ ਸਕਦੇ ਹਨ। ਸਿੱਖ ਇਤਿਹਾਸ ਨੂੰ ਪੇਸ਼ ਕਰਦੀਆਂ ਢਾਡੀ ਵਾਰਾਂ ਕਿਸੇ ਗੈਰ ਸਿੱਖ ਲਈ ਕੋਈ ਮਾਅਨੇ ਨਹੀ ਰੱਖਦੀਆਂ।

ਗੈਰ ਸਿੱਖਾਂ ਦੀ ਆਤਮਾਂ ਅਤੇ ਦਿਮਾਗ ਵਿੱਚ ਪਏ ਇਸ ਕਾਣ ਕਾਰਨ ਹੀ ਅਕਸਰ ਹਿੰਦੂ ਪਿਛੋਕੜ ਅਤੇ ਪੱਛਮੀ ਸੱਭਿਆਚਾਰ ਵਿੱਚ ਪਲੇ ਹੋਏ ਸਿੱਖ,ਗੁਰਬਾਣੀ ਬਾਰੇ ਅਤੇ ਸਿੱਖ ਇਤਿਹਾਸ ਬਾਰੇ ਬਹੁਤ ਪੇਤਲੀ ਅਤੇ ਕਈ ਵਾਰ ਬਹੁਤ ਹੀ ਬੇਹੂਦਾ ਕਿਸਮ ਦੀ ਪੇਸ਼ਕਾਰੀ ਕਰਦੇ ਹਨ।ਇਤਿਹਾਸ ਦੇ ਨਾ ਤੇ ਸਿੱਖ ਪੰਥ ਦੀਆਂ ਪਰੰਪਰਾਵਾਂ ਅਤੇ ਮਾਨਤਾਵਾਂ ਨੂੰ ਅਜਿਹੇ ਲੋਕ ਸਹਿਜੇ ਹੀ ਆਪਣੇ ਬਹੁਤ ਹੀ ਨੀਵੇਂ ਕਿਸਮ ਦੇ ਮੰਤਵਾਂ ਲਈ ਵਰਤਣ ਦੀ ਬਦਨੀਤੀ ਪਹੁੰਚ ਅਪਣਾ ਲੈਂਦੇ ਹਨ।ਸਿੱਖ ਪੰਥ ਦੇ ਇਤਿਹਾਸ ਦੀ ਪੇਸ਼ਕਾਰੀ ਨੂੰ ਹਿੰਦੂ ਨੁਕਤਾ ਨਿਗਾਹ ਤੋਂ ਸਮਝਣ ਅਤੇ ਪੇਸ਼ ਕਰਨ ਦਾ ਇਹ ਕੋੜ ਸਿਰਫ ਹਿੰਦੂ ਪਿਛੋਕੜ ਵਾਲੇ ਇਤਿਹਾਸਕਾਰਾਂ ਵਿੱਚ ਹੀ ਨਹੀ ਹੈ ਬਲਕਿ ਲਗਾਤਾਰ ਹਿੰਦੂ ਸਰਕਾਰ ਦੀ ਫੌਜੀ ਦਹਿਸ਼ਤ ਹੇਠ ਰਹਿ ਰਹੇ ਬਹੁਤ ਸਾਰੇ ਸਿੱਖ ਇਤਿਹਾਸਕਾਰ ਵੀ ਸਿੱਖ ਇਤਿਹਾਸ ਨੂੰ ਹਿੰਦੂ ਜਾਂ ਪੱਛਮੀ ਜ਼ਾਵੀਏਂ ਤੋਂ ਪੇਸ਼ ਕਰਨ ਦੇ ਕੁਚੱਜ ਦਾ ਸ਼ਿਕਾਰ ਹਨ।ਡਾਕਟਰ ਗੰਡਾ ਸਿੰਘ,ਖੁਸ਼ਵੰਤ ਸਿੰਘ ਅਤੇ ਇਥੋਂ ਤੱਕ ਕਿ ਸਿਰਦਾਰ ਕਪੂਰ ਸਿੰਘ ਵਰਗੇ ਸਿੱਖ ਇਤਿਹਾਸਕਾਰ ਵੀ ਸਿੱਖ ਪੰਥ ਦੇ ਮਾਣਮੱਤੇ ਇਤਿਹਾਸ ਦੀ ਪੇਸ਼ਕਾਰੀ ਕਰਦਿਆਂ ਹਿੰਦੂ ਕਜ਼ ਦਾ

ਸ਼ਿਕਾਰ ਹੋ ਜਾਂਦੇ ਹਨ।

ਸਿੱਖ ਇਤਿਹਾਸ ਦੀ ਪੇਸ਼ਕਾਰੀ ਦੇ ਇਸ ਹਿੰਦੂ ਰੰਗ ਦੀ ਝਲਕ ਪਿਛਲੇ ਦਿਨੀ ਦੁਨੀਆਂ ਭਰ ਵਿੱਚ ਆਪਣੀ ਨਿਰਪੱਖਤਾ ਲਈ ਜਾਣੇ ਜਾਂਦੇ ਬੀ ਬੀ ਸੀ ਤੋਂ ਦੇਖਣ ਨੂੰ ਮਿਲੀ ਜਦੋਂ 'ਬਾ ਬਾ ਬਲੈਕ ਸ਼ੀਪ' ਵਰਗੀਆਂ ਕਵਿਤਾਵਾਂ ਪੜ੍ਹਕੇ ਜਵਾਨ ਹੋਏ ਸਿੱਖਾਂ ਦੇ ਇੱਕ ਮੁਛੌਹਰ ਨੇ ਮਹਾਨ ਸਿੱਖ ਇਤਿਹਾਸ ਦੀ ਪੇਸ਼ਕਾਰੀ ਦਾ ਵੱਡਾ ਕਾਰਜ ਮਹਿਜ਼ ਆਪਣੀ ਪ੍ਰੌਫੈਸ਼ਨਲ ਤਰੱਕੀ ਲਈ ਕਰਨ ਦਾ ਕੋਝਾ ਯਤਨ ਕੀਤਾ।ਪਿਛਲੇ 30 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਰਾਜਨੀਤੀ ਦੇ ਇਤਿਹਾਸ ਵਿੱਚ ਜੋ ਕਾਰਵਾਈਆਂ ਕੀਤੀਆਂ ਉਨ੍ਹਾਂ ਦੇ ਇੱਕ ਟੁੱਟਵੇਂ ਜਿਹੇ ਵਿਸ਼ੇ ਨੂੰ ਲੈਕੇ ਉਸ ਜਵਾਨ ਨੇ ਰੇਡੀਓ ਲਈ ਇੱਕ ਰਿਪੋਰਟ ਦਾ ਪ੍ਰਸਾਰਨ ਕੀਤਾ ਜਿਸ ਵਿੱਚ ਉਸ ਜਵਾਨ ਨੇ ਆਮ ਲੋਕਾਂ ਨੂੰ ਇਹ ਦਰਸਾਉਣ ਦਾ ਯਤਨ ਕੀਤਾ ਕਿ ਸਿੱਖਾਂ ਦਾ ਇੱਕ ਵੱਡਾ ਹਿੱਸਾ ਮਾਰਖੋਰਾ ਹੈ ਅਤੇ ਉਹ ਸੰਸਾਰ ਭਰ ਵਿੱਚ ਅਮਨਪਸੰਦ ਸ਼ਹਿਰੀਆਂ ਨੂੰ ਉਸੇ ਲਈ ਖਤਰੇ ਮੂੰਹ ਪਾਉਣ ਦਾ ਯਤਨ ਕਰ ਰਿਹਾ ਹੈ ਜਿਵੇਂ ਕਿ ਕੁਝ ਹੋਰ ਖਾੜਕੂ ਸੰਗਠਨ।ਆਪਣੀ ਰਿਪੋਰਟ ਵਿੱਚ ਉਸ ਮੁਛੌਹਰ ਨੇ ਕੁਝ ਸਮਾਂ ਪਹਿਲਾਂ ਲੁਧਿਆਣੇ ਵਿੱਚ ਹੋਏ ਇੱਕ ਬੰਬ ਧਮਾਕੇ ਨੂੰ ਅਧਾਰ ਬਣਾਕੇ ਆਪਣਾਂ ਸ਼ਬਦਾਂ ਦਾ ਤੀਰ ਚਲਾ ਦਿੱਤਾ।ਜਿੱਥੋਂ ਤੱਕ ਹੋ ਸਕਿਆ ਉਸ ਰਿਪੋਰਟ ਵਿੱਚ ਉਸ ਸੱਜਣ ਨੇ ਸਿੱਖਾਂ ਦੇ ਕਰੈਕਟਰ ਬਾਰੇ ਨਾਕਾਰਾਤਮਕ ਪਹੁੰਚ ਅਪਣਾਉਣ ਦਾ ਯਤਨ ਕੀਤਾ।

ਖੈਰ ਇਸ ਦੁਨੀਆਂ ਵਿੱਚ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ ਅਤੇ ਇਸ ਹੱਕ ਨੂੰ ਗੁਰੂ ਸਾਹਿਬ ਨੇ ਵੀ ਗੁਰਬਾਣੀ ਵਿੱਚ ਤਸਲੀਮ ਕੀਤਾ ਹੈ।

ਪਰ ਸਿੱਖ ਇਤਿਹਾਸ ਦੀ ਪੇਸ਼ਕਾਰੀ ਕਰਦਿਆਂ ਇਤਿਹਾਸ ਦੀ ਉਸ ਪਰੰਪਰਾ ਨੂੰ ਬਹੁਤ ਡੂੰਘੇ ਉਤਰਕੇ ਦੇਖਣ ਦੀ ਲੋੜ ਹੈ ਜਿਸ ਦੇ ਅਧਾਰ ਤੇ 1978 ਤੋਂ ਲੈਕੇ 1995 ਤੱਕ ਸਿੱਖਾਂ ਨੇ ਸ਼ਹਾਦਤਾਂ ਪਾਈਆਂ ਅਤੇ ਜਿਸ ਲਈ ਸਿੱਖ ਹੱਸ ਹੱਸ ਕੇ ਫਾਂਸੀਆਂ ਤੇ ਝੂਟ ਗਏ।

ਸਿੱਖਾਂ ਅਤੇ ਹਿੰਦੂ ਦੋ ਵੱਖਰੀਆਂ ਕੌਮਾਂ ਹਨ।ਸਿੱਖਾਂ ਨੇ ਕਦੇ ਵੀ ਹਿੰਦੂਆਂ ਦੀ ਵੱਖਰੀ ਕੌਮੀ ਪਹੁੰਚ ਬਾਰੇ ਕੋਈ ਸ਼ੱਕ ਸ਼ੁਭਾ ਨਹੀ ਰੱਖਿਆ।ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਰਵਾਇਤਾਂ ਅਤੇ ਹਿੰਦੂ ਰਹੁਰੀਤਾਂ ਤੋਂ ਬਗਾਵਤ ਕਰਕੇ ਲੋਕਾਈ ਨੂੰ ਇੱਕ ਨਵੀਂ ਕੌਮ ਦੇ ਰੂਪ ਵਿੱਚ ਸੰਗਠਿਤ ਕਰਨ ਦਾ ਕਾਰਜ ਅਰੰਭਿਆ।ਗੁਰੂ ਸਾਹਿਬ ਜੀ ਦੀ ਇਲਾਹੀ ਨਜ਼ਰ ਨੇ ਇਹ ਗੱਲ ਸਹਿਜੇ ਹੀ ਭਾਂਪ ਲਈ ਸੀ ਕਿ ਹਿੰਦੂ ਫਲਸਫਾ ਜਾਤਪਾਤੀ ਪਰਬੰਧ ਰਾਹੀਂ ਜਿਵੇਂ ਮਨੁੱਖ ਨੂੰ ਗੁਲਾਮ ਬਣਾ ਰਿਹਾ ਹੈ ਉਹ ਭਵਿੱਖ ਦੀ ਲੋਕਾਈ ਲਈ ਠੀਕ ਨਹੀ ਹੈ।ਬੇਸ਼ੱਕ ਭਗਤੀ ਲਹਿਰ ਨੇ ਸਿਧਾਂਤਿਕ ਤੌਰ ਤੇ ਹਿੰਦੂ ਫਲਸਫੇ ਦੇ ਇਸ ਕਾਣ ਨੂੰ ਮਹਿਸੂਸ ਕਰ ਲਿਆ ਸੀ ਪਰ ਉਹ ਹਿੰਦੂ ਲਹਿਰ ਦੀ ਇਸ ਮਨੁੱਖਤਾ ਵਿਰੋਧੀ ਕਾਰਵਾਈ ਦੇ ਖਿਲਾਫ ਜਥੇਬੰਦਕ ਲਹਿਰ ਨਾ ਉਸਾਰ ਸਕੀ।ਹਿੰਦੂ ਲਹਿਰ ਨੇ ਆਪਣੇ ਸੰਸਕਾਰਾਂ ਦੇ ਪਰਦੇ ਹੇਠ ਮਨੁੱਖਤਾ ਨੂੰ ਜਕੜ ਹੀ ਇਸ ਤਰ੍ਹਾਂ ਰੱਖਿਆ ਸੀ ਕਿ ਇਸ ਖਿਲਾਫ ਅਵਾਜ਼ ਉਠਾਉਣ ਲਈ ਕਿਸੇ ਬਹੁਤ ਹੀ ਵੱਡੇ ਦਰਵੇਸ਼ ਅਤੇ ਨਿੱਡਰ ਰੂਹ ਦੀ ਲੋੜ ਸੀ।ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਰੂਹਾਨੀ ਕਾਰਨਾਮਾਂ ਕਰਨ ਲਈ ਕਦਮ ਪੁੱਟ ਲਏ।ਜਦੋਂ ਬਚਪਨ ਵਿੱਚ ਪੁਰੋਹਿਤ ਉਨ੍ਹਾਂ ਨੂੰ ਜੰਝੂ ਪਵਾਉਣ ਆਏ ਉਨ੍ਹਾਂ ਹਿੰਦੂ ਫਲਸਫੇ ਖਿਲਾਫ

ਬਗਾਵਤ ਕਰਦਿਆਂ ਹਿੰਦੂਆਂ ਦਾ ਜਨੇਊ ਪਾਉਣ ਤੋਂ ਸਾਫ ਇਨਕਾਰ ਕਰ ਦਿੱਤਾ।ਗੁਰੂ ਸਾਹਿਬ ਦੇ ਇਸ ਬਗਾਵਤ ਭਰਪੂਰ ਕਦਮ ਦੀ ਗੱਲ ਸੰਸਾਰ ਭਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਜਿੱਥੇ ਹਿੰਦੂ ਸੰਸਕਾਰਾਂ ਦੀ ਗੁਲਾਮੀ ਹੇਠ ਰਹਿ ਰਹੇ ਹਜਾਰਾਂ ਲੋਕਾਂ ਲਈ ਇਹ ਖਬਰ ਇੱਕ ਨਵੇਂ ਜੀਵਨ ਵਾਂਗ ਆਈ ਉੱਥੇ ਜਾਤ ਅਭਿਮਾਨੀ ਹਿੰਦੂਆਂ ਲਈ ਇਹ ਇੱਕ ਵੱਡੀ ਚੁਣੌਤੀ ਬਣ ਗਈ ਸੀ।ਇਸੇ ਲਈ ਦਿੱਲੀ ਦੇ ਇੱਕ ਜਾਤ ਅਭਿਮਾਨੀ ਹਿੰਦੂ ਨੇ ਸਮੇਂ ਦੇ ਹਾਕਮ ਕੋਲ ਗੁਰੂ ਨਾਨਕ ਦੇਵ ਜੀ ਦੇ ਖਿਲਾਫ ਸ਼ਿਕਾਇਤ ਦਰਜ ਕਰਵਾ ਦਿੱਤੀ। ਹਿੰਦੂਆਂ ਅਤੇ ਸਿੱਖਾਂ ਦਰਮਿਆਨ ਪਾੜੇ ਦੀ ਇਹ ਪਹਿਲੀ ਲਕੀਰ ਸੀ।ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਹਿੰਦੂ ਕਰਮਕਾਂਡਾਂ ਖਿਲਾਫ ਬਗਾਵਤ ਦੀ ਨੀਹ ਰੱਖੀ ਸੀ।ਜਾਤ ਅਭਿਮਾਨੀ ਹਿੰਦੂਆਂ ਨੇ ਉਸ ਤੋਂ ਬਾਅਦ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੇ ਖਿਲਾਫ ਆਪਣੀ ਜੰਗ ਐਲਾਨੀਆ ਰੂਪ ਵਿੱਚ ਲੜੀ ਹੈ।ਸਿੱਖਾਂ ਨੇ ਪੈਰ ਪੈਰ ਤੇ ਇਸ ਜੰਗ ਦਾ ਅਹਿਸਾਸ ਕੀਤਾ ਹੈ।ਜਦੋਂ ਹਿੰਦੂ ਸੱਤਾ ਵਿੱਚ ਨਹੀ ਸਨ ਉਦੋਂ ਉਨ੍ਹਾਂ ਸਮੇਂ ਦੇ ਹਾਕਮਾਂ ਕੋਲ ਚੁਗਲੀਆਂ ਕਰ ਕਰਕੇ ਸਿੱਖ ਫਲਸਫੇ ਵਿਰੁੱਧ ਆਪਣਾਂ ਜਹਿਰ ਉਗਲਣਾਂ ਜਾਰੀ ਰੱਖਿਆ।ਤੀਜੇ ਗੁਰੂ ਸਾਹਿਬ ਖਿਲਾਫ ਮੋਹਤਬਰ ਹਿੰਦੂਆਂ ਨੇ ਨਾ ਸਿਰਫ ਅਕਬਰ ਕੋਲ ਸ਼ਿਕਾਇਤਾਂ ਕੀਤੀਆਂ ਬਲਕਿ ਉਹ ਗੁਰੂ ਸਾਹਿਬ ਦਾ ਕੇਂਦਰ ਬੰਦ ਕਰਵਾਉਣ ਲਈ ਵਫਦ ਦੇ ਰੂਪ ਵਿੱਚ ਅਕਬਰ ਨੂੰ ਵੀ ਮਿਲੇ।ਪਰ ਅਕਬਰ ਬਾਦਸ਼ਾਹ ਉਨ੍ਹਾਂ ਦੀਆਂ ਚੁਗਲੀਆਂ ਵਿੱਚ ਨਾ ਫਸਿਆ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਹਿੰਦੂ ਅਹਿਲਕਾਰ ਚੰਦੂ ਦੀ ਭੂਮਿਕਾ, ਗੁਰੂ ਹਰਗੋਬਿੰਦ ਸਾਹਿਬ ਜੀ ਖਿਲਾਫ ਇੱਕ ਮੋਹਤਬਰ ਹਿੰਦੂ ਭਗਵਾਨ ਦਾਸ ਘੇਰੜ ਦੀਆਂ ਕੋਝੀਆਂ ਹਰਕਤਾਂ, ਜਲੰਧਰ ਦੀ ਜੰਗ ਵਿੱਚ ਗੁਰੂ ਸਾਹਿਬ ਦੇ ਖਿਲਾਫ ਦੋ ਹਿੰਦੂ ਭਰਾਵਾਂ ਦੀ ਸਾਜਿਸ਼ੀ ਸ਼ਮੂਲੀਅਤ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਾਜਨਾ ਕਰਨ ਤੋਂ ਬਾਅਦ ਜਾਤ ਅਭਿਮਾਨੀ ਹਿੰਦੂ ਰਾਜਿਆਂ ਦਾ ਇਸਲਾਮੀ ਤਾਕਤਾਂ ਨਾਲ ਗੱਠਜੋੜ ਉਸ ਸਮੁੱਚੇ ਇਤਿਹਾਸਕ ਵਰਤਾਰੇ ਦੇ ਹਿੱਸੇ ਹਨ ਜੋ ਸਿੱਖਾਂ ਖਿਲਾਫ ਹਿੰਦੂਆਂ ਵੱਲੋਂ ਰਚਿਆ ਗਿਆ। ਗੰਗੂ ਬ੍ਰਾਹਮਣ ਦਾ ਵਰਤਾਰਾ ਵੀ ਮਹਿਜ਼ ਮਾਤਾ ਗੁਜਰ ਕੌਰ ਜੀ ਦੀ ਮਾਇਆ ਉਤੇ ਲਾਲਚੀ ਹੋ ਜਾਣ ਦਾ ਮਸਲਾ ਨਹੀ ਸੀ ਬਲਕਿ ਸਦੀਆਂ ਦੀ ਉਸ ਹਿੰਦੂ ਜ਼ਹਿਨੀਅਤ ਦਾ ਕੋਝਾ ਪ੍ਰਗਟਾਵਾ ਸੀ ਜੋ ਸਿੱਖਾਂ ਖਿਲਾਫ ਇੱਕ ਦਿੱਖ ਅਤੇ ਅਦਿੱਖ ਜੰਗ ਲੜਦੀ ਆਈ ਸੀ।

1947 ਤੋਂ ਪਹਿਲਾਂ ਅਤੇ 1947 ਤੋਂ ਬਾਅਦ ਹਿੰਦੂ ਲੀਡਰਾਂ ਨੇ ਸਿੱਖਾਂ ਨਾਲ ਜਿਹੋ ਜਿਹੇ ਵਾਅਦੇ ਕੀਤੇ ਅਤੇ ਜਿਵੇਂ ਆਪਣੀ ਸਾਜਿਸ਼ੀ ਬਿਰਤੀ ਤਹਿਤ ਸਿੱਖਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ ਉਹ ਕਿਸੇ ਤੋਂ ਲੁਕੀ ਹੋਈ ਗੱਲ ਨਹੀ ਹੈ।

1947 ਦੀ ਭਾਰਤ ਦੀ ਅਜ਼ਾਦੀ ਤੋਂ ਬਾਅਦ ਹਿੰਦੂ ਲੀਡਰਾਂ ਨੇ ਉਸੇ ਤਰ੍ਹਾਂ ਸਿੱਖਾਂ ਤੇ ਪਹਿਲਾ ਹਮਲਾ ਵਿਢਿਆ ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਖਿਲਾਫ ਹਿੰਦੂ ਖੱਤਰੀ ਨੇ ਪਹਿਲੀ ਚੁਗਲੀ ਲਾਈ ਸੀ।ਫਰਕ ਸਿਰਫ ਇਹ ਸੀ ਕਿ ਹੁਣ ਹਿੰਦੂ ਅਜ਼ਾਦ ਸਨ। ਅਜ਼ਾਦ ਹੁੰਦਿਆਂ ਹੀ ਲੁੱਟੇ ਪੁੱਟੇ ਸਿੱਖਾਂ ਤੇ ਜਰਾਇਮ ਪੇਸ਼ਾ ਹੋਣ ਦਾ ਲੇਬਲ ਲਗਾ ਦਿੱਤਾ ਗਿਆ।

ਅੱਜ ਜਿਹੜੇ ਇਤਿਹਾਸਕਾਰ ਅਤੇ ਮੁਛੋਹਰ ਜਿਹੇ ਪੱਤਰਕਾਰ ਸਿੱਖਾਂ ਤੇ ਅੱਤਵਾਦੀ ਹੋਣ ਦਾ ਲੇਬਲ

ਲਗਾਉਣ ਦੀ ਹੱਦ ਤੱਕ ਡਿਗ ਜਾਂਦੇ ਹਨ ਉਨ੍ਹਾਂ ਨੂੰ ਜਰਾ ਇਤਿਹਾਸ ਦੇ ਇਸ ਸਮੁੱਚੇ ਦੌਰ ਤੇ ਇੱਕ ਨਿਰਪੱਖ ਅਤੇ ਨੀਤੀਵਾਨ ਵਿਦਵਾਨ ਵਾਂਗ ਨਜ਼ਰ ਮਾਰਨੀ ਚਾਹੀਦੀ ਹੈ।ਹਥਿਆਰਾਂ ਨੂੰ ਹੱਥ ਪਾਉਣ ਤੋਂ ਪਹਿਲਾਂ ਵੀ ਸਿੱਖਾਂ ਨੇ ਧਰਮ ਯੁੱਧ ਮੋਰਚੇ ਦੇ ਝੰਡੇ ਥੱਲੇ ਇੱਕ ਲਾਮਿਸਾਲ ਸ਼ਾਂਤਮਈ ਅਤੇ ਜਮਹੂਰੀ ਸੰਘਰਸ਼ ਲੜਿਆ ਸੀ।ਸਿੱਖਾਂ ਦੇ ਉਸ ਜਮਹੂਰੀ ਸੰਘਰਸ਼ ਦੇ ਮੁਕਾਬਲੇ ਹਿੰਦੁਸਤਾਨ ਵਿੱਚ ਕਦੇ ਵੀ ਏਨਾ ਜਾਬਤਾਪੂਰਨ ਅਤੇ ਸੱਚਾ ਸੁੱਚਾ ਸੰਘਰਸ਼ ਨਹੀ ਲੜਿਆ ਗਿਆ। ਜਦੋਂ ਛੋਟੇ ਛੋਟੇ ਮੁਜਾਹਰਿਆਂ ਵੇਲੇ ਵੀ ਹਿੰਦੂ ਸ਼ਿਵ ਸੈਨਾ ਦੇ ਗੁੰਡੇ ਦਰਜਨਾਂ ਲੋਕਾਂ ਨੂੰ ਮਾਰ ਮੁਕਾਉਂਦੇ ਸਨ ਅਤੇ ਸੈਂਕੜੇ ਸਕੂਟਰ ਕਾਰਾਂ ਸਾੜ ਦੇਂਦੇ ਸਨ ਉਸ ਹਾਲਤ ਵਿੱਚ ਵੀ ਸਿੱਖਾਂ ਨੇ ਆਪਣਾਂ ਡੇਢ ਲੱਖ ਮਰਜੀਵੜਾ ਜੇਲ੍ਹਾਂ ਵਿੱਚ ਬੰਦ ਕਰਵਾ ਕੇ ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦੀ ਗੱਲ ਨਹੀ ਸੋਚੀ।ਸਿੱਖਾਂ ਦੇ ਇਸ ਜਮਹੂਰੀ ਅਤੇ ਸ਼ਾਂਤਮਈ ਸੰਘਰਸ਼ ਦਾ ਕੋਈ ਵੀ ਕੌਮ ਮੁਕਾਬਲਾ ਨਹੀ ਕਰ ਸਕਦੀ।ਇਸ ਮਾਣਮੱਤੇ ਸੰਘਰਸ਼ ਦੇ ਬਾਵਜੂਦ ਵੀ ਆਪਣੀ ਜਾਤ ਅਭਿਮਾਨੀ ਹੈਂਕੜ ਵਿੱਚ ਗ੍ਰਸੀ ਹੋਈ ਹਿੰਦੁਸਤਾਨ ਦੀ ਸਰਕਾਰ ਨੇ ਸਿੱਖਾਂ ਦੀ ਕੋਈ ਜਮਹੂਰੀ ਅਤੇ ਸੰਜੀਦਾ ਮੰਗ ਨਹੀ ਮੰਨੀ।ਸੰਸਾਰ ਭਰ ਵਿੱਚ ਕਦੇ ਵੀ ਇਸ ਗੱਲ ਦਾ ਪ੍ਰਮਾਣ ਨਹੀ ਮਿਲਦਾ ਕਿ ਏਡੇ ਵੱਡੇ ਸ਼ਾਂਤਮਈ ਸੰਘਰਸ਼ ਤੋਂ ਬਾਅਦ ਕੋਈ ਵੀ ਮੰਗ ਨਾ ਮੰਨੀ ਗਈ ਹੋਵੇ।

ਇਸ ਸੰਘਰਸ਼ ਤੋਂ ਖਿਝਕੇ ਹੀ ਸਮੇਂ ਦੀ ਸਰਕਾਰ ਨੇ ਸਿੱਖਾਂ ਦੇ ਮਹਾਨ ਪਵਿੱਤਰ ਅਸਥਾਨ ਤੇ ਉਸ ਵੇਲੇ ਹਮਲਾ ਕੀਤਾ ਜਦੋਂ ਸਿੱਖ ਸੰਗਤ ਆਪਣੇ ਗੁਰੂ ਸਾਹਿਬ ਦਾ ਪੁਰਬ ਮਨਾਉਣ ਲਈ ਇਕੱਠੀ ਹੋਈ ਸੀ।ਇਹ ਪਹਿਲ ਵੀ ਹਿੰਦੂ ਸਰਕਾਰ ਵੱਲੋਂ ਹੀ ਕੀਤੀ ਗਈ ਸੀ ਸਿੱਖਾਂ ਵੱਲੋਂ ਤਾਂ ਉਸ ਹਮਲੇ ਦਾ ਜਵਾਬ ਹੀ ਦਿੱਤਾ ਗਿਆ ਸੀ।ਸਿੱਖ ਇਤਿਹਾਸ ਦੀਆਂ ਰਵਾਇਤਾਂ ਨੇ ਇਹ ਗੱਲ ਸਿੱਖ ਮਾਨਸਿਕਤਾ ਵਿੱਚ ਕੁੱਟ ਕੁੱਟ ਕੇ ਭਰੀ ਹੋਈ ਹੈ ਕਿ ਸ਼ਹੀਦ ਸਾਡੀ ਰੂਹ ਦਾ ਹਿਸਾ ਹਨ ਸ਼ਹੀਦੀ ਪਰੰਪਰਾ ਸਾਡੀ ਰਵਾਇਤ ਹੈ ਅਤੇ ਹਰ ਸਿੱਖ ਨੇ ਸ਼ਹੀਦਾਂ ਦੇ ਪੈਰ ਚਿੰਨ੍ਹਾਂ ਤੇ ਚੱਲਣਾਂ ਹੈ।ਆਪਣੀ ਮਹਾਨ ਰਵਾਇਤ ਤੇ ਚੱਲਦਿਆਂ ਹੀ ਸਿੱਖ ਸੂਰਮਿਆਂ ਨੇ ਸਮੇਂ ਦੇ ਅਬਦਾਲੀਆਂ ਨਾਲ ਲੋਹਾ ਲੈਕੇ ਸ਼ਹਾਦਤ ਦਾ ਜਾਮ ਪੀਤਾ।1984 ਦੇ ਸ਼ਹੀਦ ਹਰ ਸਿੱਖ ਦੀ ਰੂਹ ਵਿੱਚ ਗੁਰੂ ਸਾਹਿਬ ਦੀ ਅਦੁੱਤੀ ਯਾਦ ਦਾ ਹਿਸਾ ਬਣ ਕੇ ਵਸੇ ਹੋਏ ਹਨ।ਉਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਦਿਲ ਵਿੱਚ ਵਸਾਕੇ ਹੀ ਉਸ ਵੇਲੇ ਸਿੱਖ ਨੌਜਵਾਨਾਂ ਨੇ ਸਮੇਂ ਦੇ ਹਾਕਮਾਂ ਦਾ ਮੂੰਹ ਮੋੜਨ ਲਈ ਕਮਰਕੱਸੇ ਕੀਤੇ ਜਦੋਂ ਦੁਸ਼ਮਣ ਸਿੱਖਾਂ ਦੀਆਂ ਬਰੂਹਾਂ ਤੇ ਆ ਗਿਆ ਸੀ।

ਅੱਜ ਦੁਨੀਆਂ ਦਾ ਦਸਤੂਰ ਹੈ ਕਿ ਹਰ ਕਿਸਮ ਦੇ ਅੱਤਵਾਦ ਦਾ ਟਾਕਰਾ ਕਰਨ ਲਈ ਅਤੇ ਹਰ ਕਿਸਮ ਦੇ ਅੱਤਵਾਦ ਤੋਂ ਆਪਣੇ ਲੋਕਾਂ ਨੂੰ ਬਚਾਉਣ ਲਈ ਹਰ ਕੌਮ ਅਤੇ ਹਰ ਮੁਲਕ ਨੂੰ ਹੱਕ ਹੈ।ਸਿੱਖਾਂ ਨੇ ਵੀ ਆਪਣੇ ਸ਼ਹਿਰੀਆਂ ਨੂੰ ਹਿੰਦੁਸਤਾਨੀ ਅੱਤਵਾਦ ਤੋਂ ਬਚਾਉਣ ਲਈ ਸਭ ਕੁਝ ਕੀਤਾ।

ਬੇਸ਼ੱਕ ਉਸ ਸੰਘਰਸ਼ ਵਿੱਚ ਕਾਫੀ ਗਲਤੀਆਂ ਵੀ ਹੋਈਆਂ ਪਰ ਉਹ ਗਲਤ ਕਾਰਵਾਈਆਂ ਸਿੱਖ ਲਹਿਰ ਦੀ ਨੀਤੀ ਦਾ ਹਿਸਾ ਨਹੀ ਸਨ ਬਲਕਿ ਜਦੋਂ ਸਰਕਾਰ ਸਿੱਖਾਂ ਨੂੰ ਮਾਨਸਿਕ ਤੌਰ ਤੇ ਤੰਗ ਕਰਨ ਲਈ ਸਿੱਖ ਨੌਜਵਾਨਾਂ ਦਾ ਸਮੂਹਿਕ ਰੂਪ ਵਿੱਚ ਕਤਲੇਆਮ ਕਰਦੀ ਸੀ ਉਸ ਦੇ ਜਵਾਬ ਵਿੱਚ ਕੁਝ ਨੌਜਵਾਨ ਅਜਿਹੀਆਂ ਕਾਰਵਾਈਆਂ ਕਰ ਜਾਂਦੇ ਸਨ।

ਜਿਨ੍ਹਾਂ ਨੂੰ ਸਿਰਫ ਸਿੱਖਾਂ ਦਾ ਅੱਤਵਾਦ ਦਿਸਦਾ ਹੈ ਉਹ ਭਾਰਤੀ ਸਰਕਾਰ ਅਤੇ ਭਾਰਤੀ ਅਦਾਲਤਾਂ ਦੇ ਅੱਤਵਾਦ ਨੂੰ ਨਹੀ ਦੇਖ ਰਹੇ ਕਿ ਕਿਵੇਂ ਦਿੱਲੀ ਵਿੱਚ ਸਿੱਖਾਂ ਦਾ ਸਮੂਹਿਕ ਕਤਲੇਆਮ ਕਰਨ ਵਾਲੇ ਇੱਕ ਦਿਨ ਲਈ ਵੀ ਜੇਲ੍ਹ ਵਿੱਚ ਨਹੀ ਗਏ ਅਤੇ ਹਰ ਨਵੀਂ ਸਰਕਾਰ ਮੌਕੇ ਉਹ ਰਾਜਗੱਦੀ ਤੇ ਬਿਰਾਜਮਾਨ ਹੁੰਦੇ ਹਨ।

ਨਾ ਹੀ ਇਹ ਸੱਜਣ ਅੱਤਵਾਦ ਦੀਆਂ ਉਹ ਕਿਸਮਾਂ ਦੇਖ ਰਹੇ ਹਨ ਜੋ ਨੰਗੀ ਅੱਖ ਨਾਲ ਨਹੀ ਦਿਸਦੀਆਂ ਬਲਕਿ ਜਿਨ੍ਹਾਂ ਨੂੰ ਦੇਖਣ ਲਈ ਉਸ ਭਾਈਚਾਰੇ ਦਾ ਹਿੱਸਾ ਹੋਣਾਂ ਪੈਂਦਾ ਹੈ ਜੋ ਇਸ ਦਿਸਦੇ ਅਤੇ ਅਣਦਿਸਦੇ ਅੱਤਵਾਦ ਦੀ ਮਾਰ ਝੱਲ ਰਿਹਾ ਹੈ।

ਹਿੰਦੁਸਤਾਨੀ ਅੱਤਵਾਦ ਦੀ ਇਸ ਹਨੇਰੀ ਵਿੱਚ ਝੁਲਸੇ ਹੋਏ ਪਰਿਵਾਰਾਂ ਦੇ ਹਉਕਿਆਂ ਅਤੇ ਹਾਵਿਆਂ ਦਾ ਦਰਦ ਉਹ ਹੀ ਪਹਿਚਾਣ ਸਕਦਾ ਹੈ ਜੋ ਆਪ ਜਪੁਜੀ ਸਾਹਿਬ ਅਤੇ ਆਸਾ ਦੀ ਵਾਰ ਦਾ ਪਾਠ ਸੁਣਕੇ ਜਵਾਨ ਹੋਇਆ ਹੋਵੇ।'ਬਾ ਬਾ ਬਲੈਕ ਸ਼ੀਪ' ਵਾਲੇ ਸੱਜਣ ਸਿੱਖਾਂ ਦੇ ਇਸ ਦਰਦ ਨੂੰ ਨਹੀ ਪਹਿਚਾਣ ਸਕਦੇ।

ਅੰਤ ਵਿੱਚ

*ਦਿੱਲੀ ਅਤੇ ਉਸਦਾ ਲਾਲ ਕਿਲਾ*

*ਤਾਕਤ ਵਾਲਿਆਂ ਨੂੰ ਹੀ ਸਲਾਮ ਕਰਦਾ ਹੈ*

*ਇਹ ਬਘੇਲ ਸਿੰਘ ਅੱਗੇ ਹੀ ਨਤਮਸਤਕ ਹੁੰਦਾ ਹੈ।*

*ਜਦੋਂ ਅਸੀਂ ਵੀ ਬਘੇਲ ਸਿੰਘ ਬਣਕੇ ਆਵਾਂਗੇ*

*ਉਦੋਂ ਦਿੱਲੀ ਅਤੇ ਉਸਦਾ ਲਾਲ ਕਿਲਾ ਸਾਨੂੰ ਵੀ ਸਲਾਮ ਕਰੇਗਾ।*

ਉਦੋਂ ਕੌਮਾਂਤਰੀ ਮੀਡੀਆ ਵੀ ਸਾਡੇ ਸੰਘਰਸ਼ ਦੀ ਕਹਾਣੀ ਪੜ੍ਹੇਗਾ